Journal of Advances and Scholarly Researches in Allied Education
Vol. 13, Issue No. 1, April-2017, ISSN 2230-7540

# ਲੰਮੀ ਪੰਜਾਬੀ ਗ਼ਜ਼ਲ ਦੇ ਪ੍ਰਸੰਗ ਵਿਚ 'ਨਾ ਅੰਤ ਨਾ ਆਦਿ' ਦੀ ਰੂਪਾਕਾਰਕ ਤੇ ਵਸਤੂਗਤ ਤੁਲਨਾ

**Manjinder Singh***

M.A., NET, Punjabi Teacher, Akal Academy, Balbehra, Patiala

---------------------------------x---------------------------------

ਹਰਭਜਨ ਸਿੰਘ ਕੋਮਲ ਦੀ ਪੁਸਤਕ 'ਧਰਤੀ ਦੀ ਗ਼ਜ਼ਲ' ਭਾਗ-1, ਭਾਗ-2 (2003) ਪੰਜਾਬੀ ਗ਼ਜ਼ਲ ਜਗਤ ਵਿਚ ਲੰਮੀ ਗ਼ਜ਼ਲ ਦੇ ਰੂਪ ਵਿਚ ਛਪ ਕੇ ਸਾਹਮਣੇ ਆਉਂਦੀ ਹੈ। 'ਧਰਤੀ ਦੀ ਗ਼ਜ਼ਲ' ਭਾਗ-1, ਭਾਗ-2 ਵਿਚ ਹਰਭਜਨ ਸਿੰਘ ਕੋਮਲ ਨੇ ਇਕ ਹੀ ਬਹਿਰ, ਕਾਫ਼ੀਏ ਤੇ ਰਦੀਫ਼ ਵਿਚ 727 ਸ਼ਿਅਰ ਲਿਖੇ ਹਨ। ਇਸ ਪੁਸਤਕ ਵਿਚ ਸ਼ਾਇਰ ਨੇ ਮੁਤਕਾਬਿ ਮੁਜਾਇਫ਼ ਸਾਲਿਮ ਬਾਹਿਰ ਦੀ ਵਰਤੋਂ ਕੀਤੀ ਹੈ।

**ਡਾ. ਐਸ. ਤਰਸੇਮ ਅਨੁਸਾਰ :**

"ਮੁਤਬਾਰਿਕ ਦਾ ਕੋਸ਼ਗਤ ਹੈ - ਨੇੜੇ ਹੋਣਾ। ਇਸ ਬਹਿਰ ਦੇ ਰੁਕਨ/ਵੱਟੇ ਪੰਜ ਅੱਖਰੇ ਹਨ, ਜਿਸ ਕਾਰਨ ਛੋਟੇ ਹਨ ਅਤੇ ਬਹਿਰ ਵਿਚ ਨਾਲ-ਨਾਲ ਲੱਗੇ ਮਹਿਸੂਸ ਹੁੰਦੇ ਹਨ।"

ਉਸ ਤੋਂ ਬਾਅਦ ਸੁਲੱਖਣ ਸਰਹੱਦੀ ਨੇ ਆਪਣੀ ਪੁਸਤਕ ਜਾਂ ਗ਼ਜ਼ਲ ਸੰਗ੍ਰਹਿ 'ਬੇੜੀਆਂ ਦੇ ਪੁਲ' (2006) 160 ਗ਼ਜ਼ਲਾਂ ਵਿਚ 1212 ਸ਼ਿਅਰ ਲਿਖ ਕੇ ਲੰਮੀ ਗ਼ਜ਼ਲ ਲਿਖਣ ਦੀ ਹੋਂਦ ਨੂੰ ਸਥਾਪਤ ਕੀਤਾ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ ਸੁਲੱਖਣ ਸਰਹੱਦੀ ਨੇ 'ਮੁਤਾਕਾਰਿਬ ਚਹਾਰ ਦਹਿਮ ਅਸਲਮ' ਬਹਿਰ ਦੀ ਵਰਤੋਂ ਕੀਤੀ ਹੈ। ਇਸ ਬਹਿਰ ਵਿਚ ਇਕ ਮਿਸਰੇ ਵਿਚ 7 ਫੇਲੁਨ ਅਤੇ ਇਕ ਸ਼ਿਅਰ ਵਿਚ 14 ਫੇਲੁਨੀ ਰੁਕਨਾਂ ਦੀ ਵਰਤੋਂ ਹੋਈ ਹੈ। ਫੇਲੁਨੀ ਰੁਕਨਾਂ ਨੂੰ ਪੰਜਾਬੀ ਵਿਚ 'ਮੁਤਕਾਰਿਬ ਅਤੇ ਮੁਤਦਾਰਿਕ' ਦੋਵਾਂ ਬਹਿਰਾਂ ਰਾਹੀਂ ਸਮਲਿਆ ਜਾਂਦਾ ਹੈ। ਸੁਲੱਖਣ ਸਰਹੱਦੀ ਦੀ ਪੁਸਤਕ ਦੀ ਭੂਮਿਕਾ ਵਿਚ ਬਲਦੇਵ ਸਿੰਘ ਬੱਦਨ ਨੇ "ਇਸ ਬਹਿਰ ਨੂੰ ਮੁਤਦਾਰਿਕ ਕਿਹਾ ਹੈ।"

ਪੰਜਾਬੀ ਵਿਚ ਸਭ ਤੋਂ ਪਹਿਲਾਂ ਮੁਤਕਾਰਿਬ ਬਹਿਰ ਹੀ ਪ੍ਰਚੱਲਿਤ ਹੋਈ ਹੈ। ਮੁਤਕਾਰਿਬ ਦਾ ਅਰਥ ਹੈ : ਨੇੜੇ ਹੋਣਾ। ਇਹ ਬਹਿਰ 'ਫਊਲ ਰੁਕਨ ਦੇ ਆਧਾਰ 'ਤੇ ਬਣਦੀ ਹੈ। ਇਸ ਬਹਿਰ ਿ ਵਚ ਵਤਦ ਤੇ ਸਬਬ ਨੇੜੇ-ਨੇੜੇ ਹਨ।

**ਡਾ. ਐਸ. ਤਰਸੇਮ ਦੇ ਅਨੁਸਾਰ :**

"ਮੁਤਕਾਰਿਬ ਦਾ ਕੋਸ਼ਗਤ ਹੈ - ਨੇੜੇ ਹੋਣਾ। ਇਸ ਬਹਿਰ ਦੇ ਰੁਕਨ/ਵੱਟੇ ਪੰਜ ਅੱਖਰ ਹਨ, ਜਿਸ ਕਾਰਨ ਛੋਟੇ ਹਨ ਅਤੇ ਬਹਿਰ ਵਿਚ ਨਾਲ-ਨਾਲ ਜੁੜੇ ਲੱਗੇ ਮਹਿਸੂਸ ਹੁੰਦੇ ਹਨ।"

ਚਹਾਰ ਦਾ ਮਤਲਬ ਹੈ ਸੱਤ, ਭਾਵਕਿ ਹਰ ਤੁਕ ਵਿਚ 7 ਰੁਕਨਾਂ ਦਾ ਆਉਂਦਾ। ਦਹਿਮ ਦਾ ਅਰਥ ਹੈ - ਦੋ ਭਾਗਾਂ ਵਿਚ ਵੰਡੀ ਹੋਈ। ਇਸ ਤਰ੍ਹਾਂ ਜੇਕਰ ਕਿਸੇ ਬਹਿਰ ਵਿਚ 14 ਰੁਕਨ ਹੋਣ, ਤਾਂ ਉਸ ਨੂੰ ਚਹਾਰ ਦਹਿਮ ਬਹਿਰ ਕਹਿੰਦੇ ਹਨ।

ਅਸਲਮ : ਜਿਸ ਬਹਿਰ ਵਿਚ 'ਸਲਮ' ਜ਼ਿਹਾਫ਼ ਲਾਗੂ ਹੋਵੇ, ਉਸ ਦਾ ਨਾਮ 'ਅਸਲਮ' ਹੁੰਦਾ ਹੈ। ਇਸ ਜ਼ਿਹਾਫ਼ ਦੇ ਅਸੂਲ ਅਨੁਸਾਰ ਜਿਸ ਰੁਕਨ ਵਿਚ ਪਹਿਲਾਂ ਤਿੰਨ ਅੱਖਰੀ ਟੁਕੜੇ ਹੋਵੇ, ਉਸ ਦਾ ਪਹਿਲਾ ਅੱਖਰ ਗਿਰਾ ਦਿੱਤਾ ਜਾਂਦਾ ਹੈ ਜਿਵੇਂ ਫਊਲੁਨ ਵਿਚ ਫਊ ਦਾ ਪਹਿਲਾ ਅੱਖਰ 'ਫ' ਗਿਰਾਉਣ ਨਾਲ 'ਊਲੁਨ' ਰਹਿ ਗਿਆ। ਇਸ ਨੂੰ 'ਫ਼ੇਲੁਨ' ਵਿਚ ਬਦਲ ਕੇ ਦਿੱਤਾ ਜਾਂਦਾ ਹੈ। ਇਹ ਜ਼ਿਹਾਫ਼ ਆਮ ਤਰ ਤੇ ਪਹਿਲੇ, ਪੰਜਵੇਂ ਤੇ ਸੱਤਵੇਂ ਰੁਕਨ ਤੇ ਆਉਂਦਾ ਹੈ।

ਹਰਭਜਨ ਸਿੰਘ ਕੋਮਲ, ਸੁਲੱਖਣ ਸਰਹੱਦੀ ਤੋਂ ਬਾਅਦ 2010 ਵਿਚ ਸੁਰਜੀਤ ਜੱਜ ਦੀ ਪੁਸਤਕ 'ਨਾ ਅੰਤ ਨਾ ਆਦਿ' ਲੰਮੀ ਗ਼ਜ਼ਲ ਦੇ ਰੂਪ ਵਿਚ ਛਪ ਕੇ ਸਾਹਮਣੇ ਆਉਂਦੀ ਹੈ। ਇਸ ਪੁਸਤਕ ਵਿਚ ਸੁਰਜੀਤ ਜੱਜ ਨੇ 'ਹਜ਼ਮ' ਬਹਿਰ ਦੀ ਵਰਤੋਂ ਕੀਤੀ ਹੈ। ਇਸ ਬਹਿਰ ਨੂੰ 'ਹਜ਼ਜ਼ ਮੁਸਮਨ ਸਾਲਮ' ਕਿਹਾ ਜਾਂਦਾ ਹੈ।

ਹਜ਼ਜ਼ ਦਾ ਕੋਸ਼ਗਤ ਅਰਥ ਹੈ - ਮਨਮੋਹਣੀ। ਇਹ ਬਹਿਰ ਬੜੀ ਖਿੱਚ ਭਰਪੂਰ ਹੈ ਅਤੇ ਆਮ ਵਰਤੋਂ ਵਿਚ ਆਉਂਦੀ ਹੈ। ਮੁਸਮਨ ਜਿਹੜੀਆਂ ਬਹਿਰਾਂ ਅੱਠ ਰੁਕਨੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਮੁਸਮਨ ਕਹਿੰਦੇ ਹਨ ਕਿਉਂਕਿ ਅਬੀ ਵਿਚ ਅੱਠ ਪਹਿਲੀ ਚੀਜ਼ ਦਾ ਨਾਂ 'ਮੁਸਮਨ' ਹੈ। ਸਾਲਿਮ ਤੋਂ ਭਾਵ ਪੂਰੀ ਜਿਹੜੀ ਬਹਿਰ ਵਿਚ ਪੂਰੇ ਰੁਕਨ ਹੋਣ ਭਾਵ ਕਿਕੋਈ ਜ਼ਿਹਾਫ਼ ਨਾ ਲੱਗਦੀ ਹੋਵੇ।

**ਦੀਪਕ ਜੈਤੋਈ ਦੇ ਅਨੁਸਾਰ :**

"ਹਜ਼ਜ਼ ਦਾ ਅਰਥ ਹੈ 'ਦਿਲਕਸ਼'। ਇਹ ਬਹਿਰ ਬੜੀ ਦਿੱਲ-ਖਿੱਚਵੀਂ ਹੈ, ਇਸ ਕਰਕੇ ਇਸ ਦਾ ਨਾਂ ਹਜ਼ਜ਼ ਹੈ। ਮਸਮਨ ਇਸ ਕਰਕੇ ਕਹਿੰਦੇ ਹਨ ਕਿ ਇਸ ਵਿਚ ਅੱਠ ਰੁਕਨ ਹਨ, ਸਾਲਿਮ ਇਸ ਕਰਕੇ ਇਕ ਇਸ ਦੇ ਅੱਠ ਰੁਕਨ ਸਾਬਿ ਹਨ, ਇਸ ਤੇ ਕੋਈ ਜ਼ਿਹਾਫ਼ ਨਹੀਂ ਆਇਆ, ਇਸ ਦਾ ਵਜ਼ਨ ਹੈ, ਮੁਫਾਈਲੁਨ ਚਾਰ ਵਾਰ ਇਕ ਮਿਸਰੇ ਵਿਚ ਅਤੇ ਪੂਰੇ ਸ਼ਿਅਰ ਵਿਚ ਅੱਠ ਵਾਰ।"

ਸੁਰਜੀਤ ਜੱਜ ਨੇ ਇਸ ਪੁਸਤਕ 'ਨਾ ਅੰਤ ਨਾ ਆਦਿ' ਵਿਚ ਚੁਸਤ ਕਾਫੀਏ ਦਾ ਪ੍ਰਯੋਗ ਕੀਤਾ ਹੈ। ਇਸ ਪੁਸਤਕ ਵਿਚ ਸੁਰਜੀਤ ਜੱਜ ਨੇ ਪੰਰਪਰਿਕ ਰੂਪਕ ਵਿਧਾਨ ਦੇ ਆਰੂਜ਼ੀ ਅਸੂਲਾਂ ਦੀ ਥਾਂ ਆਪਣੀ ਸਿਰਜਣਾਤਮਕ ਊਰਜਾ ਨੂੰ ਸਮਕਾਲੀ ਸਰੋਕਾਰਾਂ ਦੇ ਪ੍ਰਗਟਾਵੇ ਲਈ ਉਸਾਰੂ ਤਰੀਕੇ ਨਾਲ ਵਰਤਿਆ ਹੈ ਜਿਸ ਕਾਰਨ ਕਈ ਵਾਰ ਵਿਸ਼ਿਆਂ ਦੇ ਨਿਭਾਅ ਕਾਰਨ ਕਈ ਵਾਰ ਉਹ ਰੂਪਕ ਪੱਖ ਤੋਂ ਕਈ ਅਸੂਲਾਂ ਨੂੰ ਤੋੜ ਜਾਂਦਾ ਹੈ। ਉਹ ਇਸ ਬਹਿਰ ਵਿਚ ਬਹੁਤ ਸਾਰੀਆਂ ਮਾਤਰਾਵਾਂ ਨੂੰ ਗਿਰਾ ਕੇ ਕਾਫੀਏ ਨੂੰ ਬੰਨਦਾ ਹੈ।

"ਕੋਈ ਮੌਸਮ ਤਾਂ ਹੋਵੇਗਾ, ਜੋ ਉਸ ਨੂੰ ਰਾਸ ਆਉਂਦਾ ਹੈ,

ਉਹ ਜਿਹੜਾ ਬਰਫ ਦਾ ਬੰਦਾ, ਅਗਨ ਦਾ ਗੀਤ ਗਾਉਂਦਾ ਹੈ।"

ਇਸ ਸ਼ਿਅਰ ਵਿਚ 'ਰਾਸ ਆਉਂਦਾ ਹੈ' ਤੇ 'ਗੀਤ ਗਾਉਂਦਾ ਹੈ' ਵਿਚ ਕਾਫੀਏ ਦਾ ਅੱਖਰ 'ਆਉਂਦਾ' ਸ਼ਬਦ ਅ ਨਾਲ ਇਕ ਰੂਪ ਹੋ ਜਾਂਦਾ ਹੈ ਅਤੇ ਸਾਉਂਦਾ ਹੈ ਅਤੇ ਤਉਂਦਾ ਹੈ ਪੜ੍ਹਿਆ ਜਾਂਦਾ ਹੈ।

ਲੰਮੀ ਪੰਜਾਬੀ ਗ਼ਜ਼ਲ ਦੇ ਰੂਪ ਵਿਚ ਸਭ ਤੋਂ ਪਹਿਲਾ ਹਰਭਜਨ ਸਿੰਘ ਕੋਮਲ ਦੀ ਪੁਸਤਕ 'ਧਰਤੀ ਦੀ ' ਭਾਗ-1, ਭਾਗ-2 (2003) ਦੇ ਫਿਰ ਸੁਲੱਖਣ ਸਰਹੱਦੀ ਦੀ ਪੁਸਤਕ 'ਬੇੜੀਆਂ ਦੇ ਪੁਲ' (2006) ਅਤੇ ਉਸ ਤੋਂ ਬਾਅਦ ਸੁਰਜੀਤ ਜੱਜ ਦੀ ਪੁਸਤਕ 'ਨਾ ਅੰਤ ਨਾ ਆਦਿ' 2010 ਵਿਚ ਛਪ ਕੇ ਸਾਹਮਣੇ ਆਉਂਦੀਆਂ ਹਨ। ਹਰਭਜਨ ਸਿੰਘ ਕੋਮਲ ਤੇ ਸੁਲੱਖਣ ਸਰਹੱਦੀ ਦੀ ਗ਼ਜ਼ਲ ਵਿਚ ਜਿੱਥੇ ਮੁਤਕਾਰਿਬ ਬਹਿਰ ਵਰਤੋਂ ਕੀਤੀ ਗਈ ਹੈ, ਹਰਭਜਨ ਸਿੰਘ ਕੋਮਲ ਨੇ ਇਹ ਬਹਿਰ ਵਿ ਚ ਅੱਠ ਅਤੇ ਸੁਲੱਖਣ ਸਰਹੱਦੀ ਨੇ ਸੱਤ ਫੇਲੁਨੀ ਰੁਕਨਾ ਨੂੰ ਨਿਭਾਇਆ ਹੈ। ਉੱਥੇ ਸੁਰਜੀਤ ਜੱਜ ਨੇ ਹਜ਼ਜ਼ ਬਹਿਰ ਨੂੰ ਅੱਠ ਰੁਕਨਾਂ ਵਿਚ ਲਿਖਿਆ ਹੈ। ਇਸ ਪੁਸਤਕ ਦੀ ਇਕ ਖਾਸ ਵਿਲੱਖਣਤਾ ਇਹ ਵੀ ਹੈ ਕਿ ਇਹ ਪੁਸਤਕ 'ਨਾ ਅੰਤ ਨਾ ਆਦਿ' ਗ਼ਜ਼ਲ ਦੇ ਰੂਪ ਵਿਚ ਮਤਲਿਆਂ ਦਾ ਸੰਗ੍ਰਹਿ ਹੈ। ਕਿਉਂਕਿ ਇਸ ਪੁਸਤਕ ਦੇ ਵਿਧਾਨ ਦੀ ਵਿਸ਼ੇਸ਼ਤਾ ਇਹ ਹੈ ਕਿ ਹਰ ਮਤਲੇ ਦਾ ਦੂਸਰਾ ਮਿਸਰਾ ਅਗਲੇ ਮਤਲੇ ਦਾ ਪਹਿਲਾ ਮਿਸਰਾ ਬਣ ਜਾਂਦਾ ਹੈ। ਇਸ ਪ੍ਰਕਾਰ ਮਿਸਰੇ ਦੇ ਦਹੁਰਾਉ ਦੇ ਨਾਲ ਖਿਆਲ ਦੀ ਲਗਾਤਾਰਤਾ ਵੀ ਅੱਗੇ ਵੱਧਦੀ ਹੈ। ਇਸ ਪ੍ਰਕਾਰ ਇਸ ਵਿਚ 1109 ਮਤਲੇ ਦਾ ਸ਼ਿਅਰ ਆਉਂਦੇ ਹਨ। ਸੁਰਜੀਤ ਜੱਜ ਨੇ 'ਅਥ-ਇਤਿ-ਅਥ' ਸਿਰਲੇਖ ਅਧੀਨ 15 ਸ਼ਿਅਰ ਲਿਖ ਕੇ ਆਪਣੀ ਰਚਨਾ ਦੇ ਉਦੇਸ਼ ਨੂੰ ਪ੍ਰਗਟਾਇਆ ਹੈ :

"ਮੇਰੇ ਅੰਦਰ ਜਜ਼ਬ ਨੇ, ਕੱਲ੍ਹ, ਅੱਜ, ਯੁਗ-ਜੁਗਾਦ।

ਮੇਰੇ ਇਸ ਵਿਸਥਾਰ ਦਾ, ਨਾ ਕੋਈ ਅੰਤ ਨਾ ਆਦਿ।

ਮੇਰੇ ਇਸ ਵਿਸਥਾਰ ਦਾ ਨਾ ਕੋਈ ਅੰਤ ਨਾ ਆਦਿ,

ਮੇਰਾ ਹੋਣਾ ਪਿਥੁਮੈਂ, ਬਾਕੀ ਸਭ ਕੁਝ ਬਾਦ।

ਹੋਕੇ, ਹੱਕ ਤੇ ਹੂਕ ਦਾ, ਲੈ ਅੰਗ-ਸੰਗ ਇਤਹਾਦ

ਲਉ ਇਕ ਦੀਵਾ ਛੇੜਦੈ, ਨੇਰ੍ਹੇ ਸੰਗ ਸੰਵਾਦ।"

ਇਸ ਤੋਂ ਬਾਅਦ 'ਨਾ ਅੰਤ ਨਾ ਆਦਿ' ਦੇ ਰੂਪ ਵਿਚ ਲੰਮੀ ਗ਼ਜ਼ਲ ਆਰੰਭ ਹੁੰਦੀ ਹੈ। ਜਿਸ ਵਿਚ 1094 ਸ਼ਿਅਰਾਂ ਸ਼ਾਮਲ ਹਨ। ਪਰ ਸੁਲੱਖਣ ਸਰਹੱਦੀ ਨੇ ਲੰਮੀ ਗ਼ਜ਼ਲ ਸੰਰਚਨਾ ਦੇ ਵਿਧਾਨ ਨੂੰ ਪੰਡਿਤ ਰੂਪ ਵਿਚ ਪ੍ਰਗਟਿਆ ਹੈ। ਉਸ ਨੇ ਸਮੁੱਚੀ ਗ਼ਜ਼ਲ ਰਚਨਾ ਨੂੰ 160 ਭਾਗਾਂ ਵਿਚ ਵੰਡਿਆ ਹੈ। ਇਨ੍ਹਾਂ 160 ਗ਼ਜ਼ਲਾਂ ਵਿਚ ਹਰ ਗ਼ਜ਼ਲ ਦੇ ਸੱਤ ਸ਼ਿਅਰ ਹਨ ਤੇ ਲਗਭਗ 100 ਗ਼ਜ਼ਲਾਂ ਅੱਠ-ਅੱਠ ਸ਼ਿਅਰ ਹਨ। ਕੁੱਲ ਮਿਲਾ ਕੇ 1212 ਸ਼ਿਅਰ ਹਨ ਜਿਵੇਂ ਕਿ ਪਹਿਲੇ ਭਾਗ ਇਕ ਅੰਕ ਵਾਲੀ ਵਿਚ ਅੱਠ ਅਤੇ 62 ਅੰਕ ਵਾਲੀ ਗ਼ਜ਼ਲ ਵਿਚ ਸੱਤ ਸ਼ਿਅਰ ਸ਼ਾਮਲ ਹਨ। ਇਸ ਤੋਂ ਇਲਾਵਾ ਸੁਲੱਖਣ ਸਰਹੱਦੀ ਨੇ ਹਰ ਗ਼ਜ਼ਲ ਆਖਰੀ ਸ਼ਿਅਰ ਵਿਚ ਆਪਣੇ ਉਪਨਾਮ ਦੀ ਵੀ ਵਰਤੋਂ ਕੀਤੀ ਹੈ। ਭਾਵੇਂ ਕਿ ਉਪਨਾਮ ਦੀ ਵਰਤੋਂ ਦਾ ਅਰਥ ਗੱਲ ਖਤਮ ਦੇ ਐਲਾਨਨਾਮੇ ਵਿਚ ਹੁੰਦਾ ਹੈ ਪਰ ਉਸ ਨੇ ਅਗਲੀਆਂ ਗ਼ਜ਼ਲਾਂ ਵਿਚ ਸ਼ਿਅਰ ਲਿਖਣ ਦੀ ਲਗਾਤਾਰਤਾ ਨੂੰ ਵੀ ਕਾਇਮ ਰੱਖਿਆ ਹੈ।

ਸੁਰਜੀਤ ਜੱਜ ਦੀ ਪੁਸਤਕ 'ਨਾ ਅੰਤ ਨਾ ਆਦਿ' ਵਿਚ ਭਾਵੇਂ ਵਿਸ਼ੇ ਤੇ ਰੂਪ ਦਾ ਸੁਮੇਲ ਹੈ, ਪਰ ਸ਼ਾਇਰ ਨੇ ਕਈ ਵਾਰ ਵਿਸ਼ੇ ਦੇ ਨਿਭਾ ਲਈ ਰੂਪਕੀ ਵਿਧਾਨ ਨੂੰ ਤੋੜਿਆ ਹੈ। ਉਹ ਸ਼ਬਦਾਂ ਵਿਚ ਬਹੁਤ ਸਾਰੀਆਂ ਮਾਤਰਾਵਾਂ ਗਿਰਾ ਕੇ ਸਹੀ ਕਾਫ਼ੀਏ ਬੰਨ੍ਹਦਾ ਹੈ। ਪਰ ਹਰਭਜਨ ਸਿੰਘ ਕੋਮਲ ਅਤੇ ਸੁਲੱਖਣ ਸਰਹੱਦੀ ਦੀ ਰਚਨਾ ਵਿਚ ਰੂਪਕੀ ਵਿਧਾਨ ਨੂੰ ਪੂਰਾ ਨਿਭਾਇਆ ਗਿਆ ਹੈ। ਹਰਭਜਨ ਸਿੰਘ ਕੋਮਲ ਦੀ ਪੁਸਤਕ ਵਿਚ ਪਹਿਲੇ ਤਿੰਨ ਸ਼ਿਅਰਾਂ ਮਤਲਿਆਂ ਦੇ ਰੂਪ ਵਿਚ ਆਉਂਦੇ ਹਨ :

- "ਸੱਤ ਅਸਮਾਨਾਂ ਤੇ ਬੈਠਾ ਹੀ ਜੋ ਹੁਕਮ ਚਲਾਈ ਜਾਏ

ਉਸ ਨੂੰ ਹੇਠ ਲਿਆਂਦਾ ਜਾਏ, ਉਸ ਨੂੰ ਪਰਤੀ ਵਿਖਾਈ ਜਾਏ।

- ਉਹਦੇ ਤਾ ਨੰਗੇ ਨੱਚਣ ਤੇ ਵੀ ਨਾ ਰੋਕ ਲਗਾਈ ਜਾਏ

ਸਾਡੀ ਇਕ ਹਵਾ ਖਿੜਕੀ, ਉਹ ਵੀ ਬੰਦ ਕਰਾਈ ਜਾਏ।

- ਕੁਦਰਤ ਅਪ੍ਰਪਾਰ ਬੜੀ ਹੈ, ਉਹਦੀ ਰਮਜ਼ ਨਪਾਈ ਜਾਏ

ਪਰ ਬੰਦਾ ਵੀ ਭੇਤ ਉਸ ਦੇ ਖੋਹਲ ਸਮਝਾਈ ਜਾਏ।"

ਜਿੱਥੋਂ ਤਕ ਸਵਾਲ ਵਿਸ਼ੇ ਦੇ ਨਿਭਾ ਸਬੰਧੀ ਹੈ, ਤਾਂ ਇਨ੍ਹਾਂ ਤਿੰਨਾਂ ਗ਼ਜ਼ਲਕਾਰਾਂ 'ਚੋਂ ਗ਼ਜ਼ਲੀਆ ਪੈਟਰਨ ਅਨੁਸਾਰ ਲਿਖੀ ਲੰਮੀ ਗ਼ਜ਼ਲ ਵਿਚ ਵਧੇਰੇ ਸਾਰਥਿਕ ਰੂਪ ਵਿਚ ਵਿਸ਼ੇ ਨੂੰ ਸੁਰਜੀਤ ਜੱਜ ਨੇ ਹੀ ਨਿਭਾਇਆ ਹੈ। ਕਿਉਂਕਿ ਸੁਲੱਖਣ ਸਰਹੱਦੀ ਬਾਰੇ ਉਪਰੋਕਤ ਹੀ ਦੱਸਿਆ ਜਾ ਚੁੱਕਾ ਹੈ ਕਿ ਉਸ ਨੇ ਸਮੁੱਚੀ ਲੰਮੀ ਗ਼ਜ਼ਲਾਂ ਨੂੰ 160 ਭਾਗਾਂ ਵਿਚ ਵੰਡਿਆ ਹੈ ਤੇ ਹਰੇਕ ਭਾਗ ਵਿਚ ਵੱਖਰੇ ਵਿਚਾਰ ਨੂੰ ਨਿਭਾਇਆ ਗਿਆ ਹੈ।

- "ਉਹਨਾਂ ਮੇਰੇ ਨਾਮ ਲਿਖੇ ਸਨ ਸਿੱਪੀਆਂ ਦੇ ਸਿਰਨਾਵੇਂ।

ਸਿੱਪੀਆਂ ਮੈਨੂੰ ਦਿੱਤੇ ਸੁੱਚੇ ਮੋਤੀਆਂ ਦੇ ਸਿਰਨਾਵੇਂ।"

- "ਆਪਣੇ ਦਿਲ ਦੇ ਬਾਲਦਾ ਰਹਿਨਾਂ ਦਾਗਾ ਦੇ ਸਿਰਨਾਵੇਂ।

ਢਾਹੁੰਦਾ ਰਹਿਨਾਂ ਦੁਨੀਆਂ ਭਰ ਦੇ ਨ੍ਹੇਰਿਆ ਦੇ ਸਿਰਨਾਵੇਂ।

ਉਪਰੋਕਤ ਸ਼ਿਅਰ 25 ਅਤੇ 26 ਅੰਕ ਅਧੀਨ ਆਉਂਦੀਆਂ ਗ਼ਜ਼ਲਾਂ ਦੇ ਸ਼ਿਅਰ ਹਨ ਜਿਨ੍ਹਾਂ ਵਿਚ ਵਿਚਾਰਾਂ ਦੀ ਵੱਖਰਤਾ ਨੂੰ ਪੇਸ਼ ਕੀਤਾ ਗਿਆ ਹੈ।

ਇਸੇ ਤਰ੍ਹਾਂ ਹਰਭਜਨ ਸਿੰਘ ਕੋਮਲ ਨੇ ਵੀ ਪੰਡਿਤ ਵਿਚਾਰਾਂ ਵਾਲੀ ਗ਼ਜ਼ਲ ਦੀ ਰਚਨਾ ਕੀਤੀ ਹੈ :

- "ਜਿਸ ਦੇ ਮਨ ਦੇ ਵਿਚ ਹਨੇਰਾ, ਏਨਾ ਗੂਹੜਾ ਪਸਰ ਗਿਆ ਹੈ

ਉਸਨੂੰ ਚਾਨਦ ਦੇ ਘੋੜੇ ਦੀ ਕੀਕਣ ਵਾਗ ਫੜਾਈ ਜਾਏ।"

- ਜੇ ਕੁੜੀਆਂ ਨੂੰ ਪਿਤਾ, ਭਰਾਵਾਂ, ਖਾਵੰਦ, ਸੁਸਰ ਦਬਾ ਕੇ ਰਖਦੈ,

ਤਾਂ ਉਹਨਾਂ ਨੂੰ ਜੰਮਦੇ ਮਾਰਨ ਤੇ ਕਿਉਂ ਰੋਕ ਲਗਾਈ ਜਾਏ।

- ਲਗਦਾ ਹੈ ਕਿ ਉਸ ਨਦੀ ਨੂੰ ਆਪਣਾ ਰਸਤਾ ਭੁੱਲ ਗਿਆ ਹੈ,

ਉਸ ਨੂੰ ਖੇਤ ਉਡੀਕ ਰਹੇ ਨੇ, ਉਹ ਸਾਗਰ ਵੱਲ ਧਾਈ ਜਾਏ।"

ਪਰੰਤੂ ਸੁਰਜੀਤ ਜੱਜ ਨੇ ਆਪਣੀ ਗ਼ਜ਼ਲ ਵਿਚ ਵਿਚਾਰ ਤੇ ਭਾਵਾਂ ਨੂੰ ਇਸ ਪ੍ਰਕਾਰ ਨਿਭਾਇਆ ਹੈ ਕਿ ਵਿਸ਼ਾ ਵਸਤੂ ਹੈ ਕਿ ਵਿਸ਼ਾ ਵਸਤੂ ਵਿਚ ਅਖੰਡਿਤ ਨਿਰੰਤਰਤਾ ਜਾਰੀ ਹੈ।

"ਉਦਾਸੀ ਸ਼ਾਮ ਨੂੰ ਜੁਗਨੂੰ ਦਾ ਜਦ ਲਾਲਚ ਵਿਖਾਉਂਦਾ ਹੈ

ਨਫੇ ਨੁਕਸਾਨ ਦਾ ਮੌਸਮ ਇਹ ਉਸਨੂੰ ਰਾਸ ਆਉਂਦਾ ਹੈ,

ਨਫੇ ਨੁਕਸਾਨ ਦਾ ਮੌਸਮ ਹੀ ਉਸਨੂੰ ਰਾਸ ਆਉਂਦਾ ਹੈ।

ਉਹ ਜਿਹੜਾ ਬਰਫ਼ ਦਾ ਬੰਦਾ ਅਗਨ ਦਾ ਗੀਤ ਗਾਉਂਦਾ ਹੈ।

ਉਹ ਜਿਹੜਾ ਬਰਫ ਦਾ ਬੰਦਾ ਅਗਨ ਦਾ ਗੀਤ ਗਾਉਂਦਾ ਹੈ,

ਉਸਦੇ ਪੱਥਰ ਨੂੰ ਝਰਨਿਆਂ ਦੇ ਸੁਰ ਸੁਣਾਉਂਦਾ ਹੈ।"

ਭਾਵੇਂ ਕਿ ਇਹ ਲਗਾਤਾਰ ਵਧੇਰੇ ਕਰਕੇ ਹਰ ਮਤਲੇ ਦੇ ਦੂਸਰੇ ਮਿਸਰੇ ਦੇ ਅਗਲੇ ਮਤਲੇ ਦਾ ਪਹਿਲਾ ਮਿਸਰ ਬਣਲ ਕਰਕੇ ਹੈ, ਇਸ ਦੁਹਰਾਉ ਨਾਲ ਖਿਆਲ ਦੀ ਲਗਾਤਾਰਤਾ ਅੱਗੇ ਵੱਧਦੀ ਹੈ ਜੋ ਕਿ ਵਿਸ਼ੇ ਦੀ ਸਾਂਝ ਨੂੰ ਬਣਾਉਂਦੀ ਹੈ ਪਰ ਸੁਰਜੀਤ ਜੱਜ ਨੇ ਬਹੁਤ ਅਜਿਹੇ ਸ਼ਿਅਰ ਵੀ ਲਿਖੇ ਹਨ, ਜਿਨ੍ਹਾਂ ਵਿਚ ਇਸ ਦੁਹਰਾਉ ਨੂੰ ਤੋੜਿਆ ਗਿਆ ਹੈ ਜੋ ਸਿਰਫ਼ ਭਾਵਾਂ, ਵਿਚਾਰਾਂ ਦੇ ਬਦਲ ਲਈ ਹੀ ਕੀਤਾ ਹੈ। ਪਰ ਵਿਸ਼ੇ ਦੀ ਸਾਰਥਿਕਤਾ ਉਸੇ ਤਰ੍ਹਾਂ ਹੀ ਬਣੀ ਰਹਿੰਦੀ ਹੈ।

www.ignited.in

– "ਚਤਰਫ਼ੀ ਨਜ਼ਰ ਆਦਮ ਨੂੰ ਚਦੋਂ ਕਾਬੀਲ ਆਉਂਦਾ ਹੈ,

ਹਵਾ ਦੀ ਕੁਖ ਤੇ ਜਦ ਵੀ ਕੋਈ ਅਸਤਰ ਚਲਾਉਂਦਾ ਹੈ।

ਕੋਈ ਵਹਿਸ਼ੀ ਹਵਾ ਦਾ ਕੁੱਖ ਤੇ ਅਸਤਰ ਚਲਾਉਂਦਾ ਹੈ,

ਜ਼ਰਾ ਵੇਖੋ 'ਅਦਨ' ਦਾ ਹਰ ਪਰਿੰਦਾ ਛਟਪਟਾਉਂਦਾ ਹੈ।"

– ਉਹ ਪੈਰਾਂ ਨੂੰ ਪੁਲਾਂ ਦੀ ਮੁਖਬਰੀ ਦਾ ਵਲ ਸਿਖਾਉਂਦਾ ਹੈ,

ਕਿਤੇ ਓਹਲੇ 'ਚ ਬੈਠਾ ਪੱਤਣਾਂ ਨੂੰ ਅੱਗ ਲਾਉਂਦਾ ਹੈ।

ਧੁਖਾਓਦੈਂ ਪਾਣੀਆਂ ਨੂੰ, ਪੱਤਣਾਂ ਨੂੰ ਅੱਗ ਲਾਉਂਦਾ ਹੈ,

ਖਵਾਜ਼ੇ-ਖਿਜ਼ਰ ਨੂੰ ਉਹ ਨਿਆਜ਼ ਜ਼ਹਿਰਾਂ ਦੀ ਚੜ੍ਹਾਉਂਦਾ ਹੈ।"

ਇਸ ਪ੍ਰਕਾਰ ਹਰਭਜਨ ਸਿੰਘ ਕੋਮਲ, ਸੁਲੱਖਣ ਸਰਹੱਦੀ ਤੇ ਸੁਰਜੀਤ ਜੱਜ ਤਿੰਨੋਂ ਸ਼ਾਇਰਾਂ ਨੇ ਆਪਣੇ ਭਾਵਾਂ/ਵਿਚਾਰਾਂ ਦੇ ਪ੍ਰਗਟਾਵੇ ਲਈ ਮਿਥਿਹਾਸ ਤੇ ਇਤਿਹਾਸ ਪਾਤਰਾਂ ਦੀ ਵਰਤੋਂ ਕੀਤੀ ਹੈ। ਪਰ ਸੁਲੱਖਣ ਸਰਹੱਦੀ ਤੇ ਸੁਰਜੀਤ ਜੱਜ ਨੇ ਇਨ੍ਹਾਂ ਮਿਥਿਹਾਸਕ ਤੇ ਇਤਿਹਾਕ ਪਾਤਰਾਂ ਨੂੰ ਵੱਖਰੇ ਸ਼ਿਅਰਾਂ ਵਿਚ ਪ੍ਰਗਟਾਉਣ ਦੇ ਨਾਲ-ਨਾਲ ਇਕੱਠੇ ਇਕ ਸ਼ਿਅਰ ਵਿਚ ਵੀ ਵਰਤਿਆ ਹੈ। ਸੁਰਜੀਤ ਜੱਜ ਨੇ ਜਿੱਥੇ ਇਨ੍ਹਾਂ ਮਿਥਿਹਾਸਕ ਤੇ ਇਤਿਹਾਸਕ ਪਾਤਰਾਂ ਦੀ ਆਪਸੀ ਤੁਲਨਾ ਦੇ ਰਾਹੀਂ ਉਨ੍ਹਾਂ ਵਿਚਾਲੇ ਇਕੋ ਹੀ ਸਾਂਝੇ ਗੁਣ/ਲੱਛਣ ਰਾਹੀਂ ਆਪਣੇ ਵਿਚਾਰ ਨੂੰ ਪ੍ਰਗਟਾਇਆ ਹੈ।

"ਮੇਰੇ ਅੰਦਰੋਂ ਉਹ ਸੁਰਕਾਤ-ਮੀਰਾਂ ਨੂੰ ਬੁਲਾਉਂਦਾ ਹੈ,

ਅਵਾਜ਼ਾਂ ਥਲ ਨੂੰ ਦੇਂਦਾ ਹੈ ਸਮੁੰਦਰ ਨੂੰ ਸਦਾਉਦਾ ਹੈ।

ਅਵਾਜ਼ਾਂ ਥਲ ਨੂੰ ਦੇ ਕੇ ਉਹ ਸਮੁੰਦਰ ਨੂੰ ਸਦਾਉਦਾ ਹੈ,

ਤੇ ਝਾਉਲਾ ਰਾਬੀਆ ਦਾ ਰਾਧਿਕਾ ਵਿਚੋਂ ਪਵਾਉਂਦਾ ਹੈ।

ਉਹ ਝਾਉਲਾ ਰਾਬੀਆ ਦਾ ਰਾਧਿਕਾ ਵਿਚੋਂ ਪਵਾਉਂਦਾ ਹੈ,

ਖ਼ੁਦਾ ਨਾਲੋ ਵੀ ਵੱਡੀ ਖੁਦੀ ਨੂੰ ਖ਼ੁਦਾ ਤਕ ਘਟਾਉਂਦਾ ਹੈ।"

ਪਰ ਉੱਥੇ ਸੁਲੱਖਣ ਸਰਹੱਦੀ ਨੇ ਇਤਿਹਾਸਕ ਤੇ ਮਿਥਿਹਾਸਕ ਪਾਤਰਾਂ ਨੂੰ ਇਕਮਿਕ ਰੂਪ ਵਿਚ ਪੇਸ਼ ਕੀਤਾ ਹੈ।

– "ਨਾਨਕੀ ਸੰਗ ਯਸ਼ੋਧਰਾ ਬੈਠੀ ਹੰਝੂ ਕੇਰੇ, ਸੋਚੇ,

ਬਣ ਨਾ ਹੋਇਆ ਸਾਥੋ ਰਾਧਾ-ਗੋਰਾਂ ਦੇ ਸਿਰਨਾਵੇਂ।"

– "ਗੋਤਮ ਨਾਲ ਹੀ ਪਾਰ ਉਦਾਸੀ ਬਾਬਾ ਨਾਨਕ ਤੁਰਿਆ,

ਦੋਹਾਂ ਜੀਵਨ ਲਈ ਲੱਭਣੇ ਸਨ ਖੁਸ਼ੀਆਂ ਦੇ ਸਿਰਨਾਵੇਂ।"

ਇਸ ਤੋਂ ਇਲਾਵਾ ਸੁਲੱਣ ਸਰਹੱਦੀ ਤੇ ਸੁਰਜੀਤ ਜੱਜ ਨ ਆਪਣੇ ਤੋਂ ਪਹਿਲਾਂ ਦੇ ਕਵੀਆਂ/ਸ਼ਾਇਰਾਂ ਦੀਆਂ ਪੁਸਤਕਾਂ ਨੂੰ ਹਵਾਲੇ ਦੇ ਰੂਪ ਵਿਚ ਵਰਤਿਆ ਹੈ। ਪਰ ਸਰਹੱਦੀ ਦੀ ਇਕ ਖਾਸ ਵਿਲੱਖਣਤਾ ਇਹ ਵੀ ਹੈ ਕਿ ਉਸ ਨੇ ਨਾਲ ਹੀ ਦੂਸਰੇ ਕਵੀਆਂ ਦੇ ਵਿਚਾਰਾਂ ਨੂੰ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਸਿੱਧੇ/ਅਸਿੱਧੇ ਰੂਪ ਵਿਚ ਪ੍ਰਗਟਾਇਆ ਹੈ।

"ਬਹੁਤ ਸਾਧਾਰਨ ਹੈ ਅੱਖ ਤੇਰੀ ਇਹ ਕਿੱਥੇ ਤਕ ਸਕਦੀ,

ਤਾਜ ਮਹੱਲਾ ਹੇਠ ਜੋ ਵਿਲਕਣ ਲੋਹਾਂ ਦੇ ਸਿਰਨਾਵੇਂ।"

ਉਪਰੋਕਤ ਸ਼ਿਅਰ ਵਿਚ ਸਰਹੱਦੀ ਨੇ ਮੋਹਨ ਸਿੰਘ ਦੀ 'ਤਾਜ ਮਹੱਲ' ਨਾਮੀ ਕਵਿਤਾ ਵਿਚ ਉਸ ਦੇ ਤਾਜ ਮਹੱਲ ਦੀ ਸੁੰਦਰਤਾ ਤੋਂ ਹੱਟ ਗਰੀਬ ਕਾਮਿਆਂ ਦੀ ਪ੍ਰਗਟਾਈ ਦੁਰਦਸ਼ਾ ਨੂੰ ਆਧਾਰ ਜਾਂ ਸੰਕੇਤ ਦੇ ਰੂਪ ਵਿਚ ਵਰਤਿਆ ਹੈ। ਹਰਭਜਨ ਸਿੰਘ ਕੋਮਲ, ਸੁਲੱਖਣ ਸਰਹੱਦੀ ਤੇ ਸੁਰਜੀਤ ਜਚੱਜ ਤਿੰਨਾਂ ਹੀ ਸ਼ਾਇਰਾਂ ਨੇ ਜਿੱਥੇ ਸਮਕਾਲੀ ਸਰੋਕਾਰਾਂ ਦੇ ਪ੍ਰਗਟਾਵੇ ਲਈ ਭਾਰਤੀ ਇਤਿਹਾਸ/ਮਿਥਿਹਾਸ ਪੱਛਮੀ ਸਭਿਆਚਾਰ/ਮਿਥਿਆਸ, ਵਿਸ਼ਵੀਕਰਨ ਨਾਲ ਸਬੰਧਿਤ ਵਰਤਾਰਿਆਂ ਨੂੰ ਵਰਤਿਆ ਹੈ, ਉੱਥੇ ਸੁਰਜੀਤ ਜੱਜ ਨੇ ਆਪਣੇ ਭਾਵਾਂ/ਵਿਚਾਰਾਂ ਦੇ ਪ੍ਰਗਟਾਵੇ ਲਈ ਬਹੁ-ਪਾਸਾਰੀ ਪਹੁੰਚ ਅਪਣਾਉਂਦੇ ਹੋਏ ਵੱਖ-ਵੱਖ ਦੇਸ਼ਾਂ/ਕੌਮਾਂ ਦੀਆਂ ਕਾਮਯਾਬੀਆਂ ਜਾਂ ਲੱਭਤਾਂ ਨੂੰ ਵੀ ਆਪਣੀ ਸਿਰਜਣਕਾਰੀ ਦੀ ਆਧਾਰ ਸਮੱਗਰੀ ਦੇ ਤੌਰ ਤੇ ਵਰਤਿਆ ਹੈ।

"ਉਹ ਐਟਮ ਦੇ ਸਫ਼ੇ ਤੇ ਕਮਲ ਦਾ ਚਿੱਤਰ ਬਣਾਉਂਦਾ ਹੈ,

ਤੇ 'ਗੋਰੀ' ਨਾਲ 'ਅਗਨੀ-ਨਾਗ= ਦੀ ਕੁੰਢਲੀ ਮਿਲਾਉਂਦਾ ਹੈ।

ਉਹ ਗੋਰੀ ਨਾਲ ਅਗਨੀ-ਨਾਗ ਦੀ ਕੁੰਢਲੀ ਮਿਲਾਉਂਦਾ ਹੈ,

ਤੇ ਅਕਸਰ 'ਹਤਫ਼' ਤੇ ਤ੍ਰਿਸ਼ੂਲ ਦੀ ਦਗਲਡ ਰਚਾਉਂਦਾ ਹੈ।"

ਉਪਰੋਕਤ ਸ਼ਿਅਰ ਵਿਚ 'ਗੋਰੀ' ਹਤਫ਼ ਪਾਕਿਸਤਾਨੀ ਮਿਜ਼ਾਇਲਾਂ ਅਤੇ 'ਅਗਨੀ-ਨਾਗ', ਤ੍ਰਿਸ਼ੂਲ ਭਾਰਤੀ ਮਿਜ਼ਾਇਲਾਂ ਹਨ।

ਹਰਭਜਨ ਸਿੰਘ ਕੋਮਲ ਤੇ ਸੁਲੱਖਣ ਸਰਹੱਦੀ ਨੇ ਆਪਣੀ ਮਹਾਂ-ਵਿਸਥਾਰ ਵਾਲੀ ਲੰਮੀ ਗ਼ਜ਼ਲ ਵਿਚ ਹਰ ਸ਼ਿਅਰ ਨੂੰ ਸੰਪੂਰਨ ਇਕਾਈ ਦੇ ਰੂਪ ਵਿਚ ਲਿਖਿਆ ਹੈ, ਭਾਵ ਕਿ ਕੋਈ ਵੀ ਸ਼ਿਅਰ ਵਿਸ਼ੇ ਪੱਖੋਂ ਆਪਸ ਵਿਚ ਨਹੀਂ ਟਕਰਾਉਂਦਾ, ਉਨ੍ਹਾਂ ਵਿਚ ਹਰ ਨਵੇਂ ਖਿਆਲ ਦੀ ਪੇਸ਼ਕਾਰੀ ਲਈ ਵੱਖਰੇ-ਵੱਖਰੇ ਚਿੰਨ੍ਹ/ਪ੍ਰਤੀਕ ਵਰਤੇ ਗਏ ਹਨ। ਪਰ ਸੁਰਜੀਤ ਜੱਜ ਨੇ ਕਈ ਅਜਿਹੇ ਚਿੰਨ੍ਹ/ਪ੍ਰਤੀਕ ਵੀ ਵਰਤੇ ਹਨ, ਜਿਨ੍ਹਾਂ ਨੂੰ ਇਕ ਤੋਂ ਵਧੇਰੇ ਵਾਰ ਵਰਤਿਆ ਗਿਆ ਹੈ ਪਰ ਅਜਿਹੇ ਪ੍ਰਤੀਕਾਂ ਨੂੰ ਹਰ ਵਾਰ ਨਵੇਂ ਭਾਵਾਂ ਦੇ ਪ੍ਰਗਟਾਵੇ ਅਧੀਨ ਲਿਆ ਗਿਆ ਹੈ।

ਸੁਰਜੀਤ ਜੱਜ ਨੇ ਆਪਣੀ ਪੁਸਤਕ 'ਨਾ ਅੰਤ ਨਾ ਆਦਿ' ਵਿਚ ਲਿਖਿਆ ਹੈ :

"ਵਿਰਾਟ ਮਾਨਵੀ ਪਸਾਰਾਂ ਵਿਚੋਂ ਕੁੱਝ ਜ਼ੁਜ਼ਾਂ ਤੇ ਵਧੇਰੇ ਬਲ ਦੇਣ ਲਈ ਉਨ੍ਹਾਂ ਨੂੰ ਵਧੀਕ ਵਾਰ ਕੇਂਦਰ ਵਿਚ ਲਿਆਂਦਾ ਗਿਆ ਹੈ, ਪਰੰਤੂ ਹਰ ਵਾਰ ਵੱਖਰੇ ਪ੍ਰਸੰਗ ਤੇ ਸਥਿਤੀ ਵਿਚ ਅਜਿਹਾ ਕੀਤਾ ਗਿਆ ਹੈ। ਇਹੋ ਕਾਰਨ ਹੈ ਕਿ ਕੁੱਝ ਚਿੰਨ੍ਹ/ਪ੍ਰਤੀਕ ਵੱਖਰੇ-ਵੱਖਰੇ ਅਰਥਾਂ ਤੇ ਭਾਵਾਂ ਨੂੰ ਉਜਾਗਰ ਕਰਨ ਹਿੱਤ ਇਕ ਤੋਂ ਵੱਧ ਵਾਰ ਵਰਤੇ ਗਏ ਹਨ।"

**ਹਵਾਲੇ ਟਿੱਪਣੀਆਂ**

ਐਸ. ਤਰਸੇਮ (ਡਾ.), **ਗ਼ਜ਼ਲ : ਅਰੂਜ਼ ਤੇ ਪਿੰਗਲ**, ਪੰਨਾ 152.

ਬਲਦੇਵ ਸਿੰਘ ਬੱਦਨ, **ਭੂਮਿਕਾ (ਸੁਲੱਖਣ ਸਰਹੱਦੀ : ਬੇੜੀਆਂ ਦਾ ਪੁਲ)**, ਪੰਨਾ 22.

ਐਸ. ਤਰਸੇਮ (ਡਾ.), **ਗ਼ਜ਼ਲ : ਅਰੂਜ਼ ਤੇ ਪਿੰਗਲ**, ਪੰਨਾ 152.

ਦੀਪਕ ਜੈਤੋਈ, **ਗ਼ਜ਼ਲ ਕੀ ਹੈ?**, ਪੰਨਾ 84.

ਸੁਰਜੀਤ ਜੱਜ, **ਨਾ ਅੰਤ ਨਾ ਆਦਿ**, ਪੰਨਾ 13.

ਉਹੀ, ਪੰਨਾ 11-12.

ਹਰਭਜਨ ਕੋਮਲ, **ਧਰਤੀ ਦੀ ਗ਼ਜ਼ਲ**, ਪੰਨਾ 9.

ਸੁਲੱਖਣ ਸਰਹੱਦੀ, **ਬੇੜੀਆਂ ਦਾ ਪੁਲ**, ਪੰਨਾ 17.

ਹਰਭਜਨ ਕੋਮਲ, **ਧਰਤੀ ਦੀ ਗ਼ਜ਼ਲ**, ਪੰਨਾ 16.

ਸੁਰਜੀਤ ਜੱਜ, **ਨਾ ਅੰਤ ਨਾ ਆਦਿ**, ਪੰਨਾ 14.

ਉਹੀ, ਪੰਨਾ 75.

ਉਹੀ, ਪੰਨਾ 130.

ਉਹੀ, ਪੰਨਾ 95.

ਸੁਲੱਖਣ ਸਰਹੱਦੀ, **ਬੇੜੀਆਂ ਦਾ ਪੁਲ**, ਪੰਨਾ 25.

ਉਹੀ, ਪੰਨਾ 46.

ਉਹੀ, ਪੰਨਾ 17.

ਸੁਰਜੀਤ ਜੱਜ, **ਨਾ ਅੰਤ ਨਾ ਆਦਿ**, ਪੰਨਾ 54.

ਉਹੀ, ਪੰਨਾ 8.

---

**Corresponding Author**

**Manjinder Singh***

M.A., NET, Punjabi Teacher, Akal Academy, Balbehra, Patiala

**E-Mail –**